2025115988

# ਦਫਤਰ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

(ਫੁਟਕਲ ਸ਼ਾਖਾ-1)

ਹੁਕਮ ਅਧੀਨ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ,2023

ਹੁਕਮ ਨੰਬਰ 09 /ਫਸ-1/8 ਮਿਤੀ 8/8/ 2025

ਬਠਿੰਡਾ ਸ਼ਹਿਰ ਦੀ ਹਦੂਦ ਅੰਦਰ ਆਬਾਦੀ ਬਹੁਤ ਵਧ ਗਈ ਹੈ ਅਤੇ ਆਬਾਦੀ ਵਧਣ ਨਾਲ ਗੱਡੀਆਂ ਦੀ ਸੰਖਿਆ ਵੀ ਬਹੁਤ ਵਧ ਗਈ ਹੈ। ਖਾਸ ਤੌਰ ਤੇ ਪਿਛਲੇ ਦਿਨਾਂ ਵਿੱਚ ਸ਼ਹਿਰ ਵਿੱਚ ਚਾਰ ਪਹੀਆ ਵਾਹਨਾਂ ਦੀ ਸੰਖਿਆ ਬਹੁਤ ਤੇਜ਼ੀ ਨਾਲ ਵਧੀ ਹੈ। ਨਤੀਜਾ ਇਹ ਹੋਇਆ ਹੈ ਕਿ ਸ਼ਹਿਰ ਵਿੱਚ ਸੜਕਾਂ ਉੱਤੇ ਕਈ ਥਾਵਾਂ ਤੇ ਜਾਮ ਲੱਗ ਜਾਂਦੇ ਹਨ ਤੇ ਕਈ ਐਕਸੀਡੈਂਟ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ।

ਪੁਰਾਣਾ ਸ਼ਹਿਰ ਹੋਣ ਕਾਰਨ ਕਈ ਥਾਵਾਂ ਤੇ ਯੋਗ ਪਾਰਕਿੰਗ ਲਈ ਜਗਾ ਨਹੀਂ ਹੈ ਤੇ ਵੱਡੀਆਂ ਗੱਡੀਆਂ ਦੇ ਸੜਕਾਂ ਤੇ ਖੜੇ ਹੋਣ ਕਾਰਨ ਛੇਤੀ ਹੀ ਟਰੈਫ਼ਿਕ ਦਾ ਜਾਮ ਲੱਗ ਜਾਂਦਾ ਹੈ ਜਿਸ ਨਾਲ ਆਮ ਪਬਲਿਕ ਨੂੰ ਬਹੁਤ ਦਿੱਕਤ ਆਉਂਦੀ ਹੈ।ਇਸ ਤੇ ਇਲਾਵਾ ਆਬਾਦੀ ਦੇ ਵਧਣ ਅਤੇ ਵੱਡੀਆਂ ਗੱਡੀਆਂ ਦੇ ਸ਼ਹਿਰ ਵਿੱਚ ਤੇਜ਼ੀ ਨਾਲ ਚੱਲਣ ਕਾਰਨ ਕਈ ਐਕਸੀਡੈਂਟਾਂ ਵਿੱਚ ਮੌਤਾਂ/ਗੰਭੀਰ ਸੱਟਾਂ ਵੀ ਵੇਖਣ ਨੂੰ ਮਿਲੀਆਂ ਹਨ।

ਨਿੱਜੀ ਅਪਰੇਟਰ/ਟਰੱਕ ਯੂਨੀਅਨ ਦੇ ਟਰੱਕਾਂ ਲਈ ਨਗਰ ਸੁਧਾਰ ਟਰੱਸਟ ਵਲੋਂ ਸ਼ਹਿਰ ਦੀ ਹਦੂਦ ਦੇ ਨੇੜੇ ਟਰਾਂਸਪੋਰਟ ਨਗਰ ਵਸਾਇਆ ਗਿਆ ਹੈ ਜਿਸ ਵਿੱਚ ਭਾਰੀ ਸੰਖਿਆ ਵਿੱਚ ਵਾਹਨਾਂ ਨੂੰ ਖੜੇ ਕਰਨ ਦਾ ਇੰਤਜ਼ਾਮ ਕੀਤਾ ਗਿਆ ਹੈ ਪਰੰਤੂ ਟਰੱਕ ਡਰਾਈਵਰ ਆਪਣੇ ਟਰੱਕ ਵਿਹਲੇ ਸਮੇਂ ਦੌਰਾਨ ਸ਼ਹਿਰ ਦੀਆਂ ਗਲੀਆਂ/ਸੜਕਾਂ ਉੱਤੇ ਖੜੇ ਕਰ ਲੈਂਦੇ ਹਨ ਜਿਸ ਨਾਲ ਟਰੈਫ਼ਿਕ ਦੀ ਸਮੱਸਿਆ ਬਹੁਤ ਹੀ ਗੰਭੀਰ ਹੋ ਜਾਂਦੀ ਹੈ ਅਤੇ ਦੁਰਘਟਨਾਵਾਂ ਦੀ ਸ਼ੰਕਾ ਵਧਣ ਨਾਲ ਕਈ ਵਾਰ ਅਮਨ ਤੇ ਸ਼ਾਂਤੀ ਭੰਗ ਹੋਣ ਦਾ ਖ਼ਤਰਾ ਹੋ ਜਾਣ ਦੇ ਨਾਲ ਨਾਲ ਜਾਨੀ ਮਾਲੀ ਨੁਕਸਾਨ ਹੋਣ ਦਾ ਡਰ ਪੈਦਾ ਹੋ ਜਾਂਦਾ ਹੈ।

1) ਗੋਨਿਆਣਾ ਰੋਡ ਅਤੇ ਸਪੋਰਟਸ ਸਟੇਡੀਅਮ ਰੋਡ, ਨੇੜੇ ਹਨੂਮਾਨ ਚੌਂਕ ਤੇ ਸੜਕ ਜਾਂ ਸੜਕ ਦੇ ਕਿਨਾਰੇ ਤੇ ਕੋਈ ਵੀ ਟਰੱਕ ਕਿਸੇ ਵੱਲੋਂ ਵੀ ਖੜ੍ਹਾ ਨਹੀਂ ਕੀਤਾ ਜਾਵੇਗਾ। ਇਸ ਤੇ ਇਲਾਵਾ ਸਕੂਲਾਂ/ਕਾਲਜਾਂ ਦੇ ਬਾਹਰ ਵੀ ਚਾਰ ਪਹੀਆ ਵੱਡੇ ਵਾਹਨ ਖੜੇ ਕਰਨ ਤੇ ਮਨਾਹੀ ਹੋਵੇਗੀ।

2) ਗੋਨਿਆਣਾ ਰੋਡ ਅਤੇ ਸਪੋਰਟਸ ਸਟੇਡੀਅਮ ਰੋਡ ਨੇੜੇ ਹਨੂਮਾਨ ਚੌਂਕ ਤੇ ਸਵੇਰੇ 06:00 ਵਜੇ ਤੋਂ ਸਵੇਰੇ 09:00 ਵਜੇ ਤੱਕ ਅਤੇ ਦੁਪਹਿਰ 01 ਵਜੇ ਤੋਂ 03 ਵਜੇ ਤੱਕ ਟਰੱਕਾਂ ਦੀ ਕੋਈ ਮੂਵਮੈਂਟ ਨਹੀਂ ਹੋਵੇਗੀ।

3) ਸਕੂਲ ਤੋਂ ਛੁੱਟੀ ਵਕਤ ਬੱਚਿਆਂ ਨੂੰ ਲੈਣ ਲਈ ਆਉਣ ਵਾਲੇ ਰਿਕਸ਼ਾ ਅਤੇ ਗੱਡੀਆਂ ਸਕੂਲ ਦੇ ਬਾਹਰ ਸੜਕ ਜਾਂ ਸੜਕ ਦੇ ਕਿਨਾਰੇ ਪਾਰਕ ਨਹੀਂ ਕੀਤੇ ਜਾਣਗੇ ਬਲਕਿ ਐਮ.ਐਸ. ਡੀ. ਸੀਨੀਅਰ ਸੈਕੰਡਰੀ ਸਕੂਲ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਪ੍ਰਿੰਸੀਪਲ ਛੁੱਟੀ ਵਕਤ ਆਪਣੇ ਵਿਦਿਆਰਥੀਆਂ ਨੂੰ ਸਕੂਲ ਦੇ ਕੰਮ ਪਾਉਂਡ ਵਿੱਚੋਂ ਹੀ ਰਿਕਸ਼ਾ ਗੱਡੀਆਂ ਆਦਿ ਵਿੱਚ ਸੁਰੱਖਿਅਤ ਰੂਪ ਵਿੱਚ ਚੜ੍ਹਾਉਣਗੇ।

ਇਸ ਲਈ ਮੇਰੀ ਤਸੱਲੀ ਹੋ ਗਈ ਹੈ ਕਿ ਮੌਜੂਦਾ ਹਾਲਾਤ ਦੇ ਮੱਦੇ ਨਜ਼ਰ ਖ਼ਾਲੀ/ਭਰੇ ਟਰੱਕਾਂ ਨੂੰ ਸ਼ਹਿਰ ਵਿੱਚ ਖੜੇ ਕਰਨਾ ਲੋਕ ਹਿਤ ਵਿੱਚ ਨਹੀਂ ਹੈ ਅਤੇ ਇਸ ਤੇ ਰੋਕ ਲਗਾਈ ਜਾਣੀ ਜ਼ਰੂਰੀ ਹੈ। ਨਗਰ ਸੁਧਾਰ ਟਰੱਸਟ ਵਲੋਂ ਵਸਾਏ ਗਏ ਟਰਾਂਸਪੋਰਟ ਨਗਰ ਵਿੱਚ ਢੁਕਵੀਂ ਜਗਾ ਉਪਲਬਧ ਹੋਣ ਕਾਰਨ ਟਰੱਕਾਂ ਦੇ ਕੰਮਕਾਜ ਵਿੱਚ ਵੀ ਕੋਈ ਦਿੱਕਤ ਨਹੀਂ ਆ ਰਹੀ। ਇਸ ਲਈ ਭਾਰਤੀਆ ਨਾਗਰਿਕ ਸੁਰਕਸ਼ਾ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਮੈਂ, ਸ਼ੌਕਤ ਅਹਿਮਦ ਪਰੇ ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਬਠਿੰਡਾ ਇਹ ਹੁਕਮ ਕਰਦਾ ਹਾਂ ਕਿ ਕੋਈ ਵੀ ਟਰੱਕ ਬਿਜ਼ਨਸ/ਬਿਲਟੀ/ਟਰੱਕ ਅਪਰੇਟਰ ਜਾਂ ਟਰੱਕ ਯੂਨੀਅਨ ਦੀ ਰਸੀਦ ਤੋਂ ਬਿਨਾਂ ਸ਼ਹਿਰ ਦੀ ਕਿਸੇ ਵੀ ਜਨਤਕ ਜਗ੍ਹਾ /ਨਿੱਜੀ ਜਗ੍ਹਾ ਤੇ ਖੜ੍ਹਾ ਨਹੀਂ ਕੀਤਾ ਜਾਵੇਗਾ। ਜੇਕਰ ਕੋਈ ਵੀ ਟਰੱਕ/ ਭਾਰੀ ਵਾਹਨ ਸ਼ਹਿਰ ਦੀ ਕਿਸੇ ਜਨਤਕ ਜਗ੍ਹਾ /ਨਿੱਜੀ ਜਗ੍ਹਾ ਤੇ ਖੜ੍ਹਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਇਹ ਹੁਕਮ ਦੀ ਉਲੰਘਣਾ ਕਰਨ ਦੇ ਦੋਸ਼ ਅਧੀਨ ਕਾਰਵਾਈ ਕਰਨ ਦੇ ਨਾਲ ਨਾਲ ਸਬੰਧਤ ਟਰੱਕ /ਵਾਹਨ ਵਲੋਂ ਕੀਤੀ ਗੈਰ ਕਾਨੂੰਨੀ ਪਾਰਕਿੰਗ ਦਾ ਚਲਾਨ ਵੀ ਕੀਤਾ ਜਾਵੇਗਾ। ਉਕਤ ਦਰਸਾਈ ਬਿਲਟੀ/ਬਿਜ਼ਨਸ ਪਰਚੀ/ਟਰੱਕ ਅਪਰੇਟਰ ਦੀ ਪਰਚੀ ਤੇ ਟਰੱਕ/ਵਾਹਨ ਉਸੇ ਜਗ੍ਹਾ ਤੇ ਹੀ ਮਾਲ ਉਤਾਰ/ਚੜ੍ਹਾ ਸਕੇਗਾ ਜਿਸ ਜਗ੍ਹਾ ਦੀ ਪਰਚੀ ਹੋਵੇਗੀ।

ਇਹ ਹੁਕਮ ਮਿਤੀ 10/8/ 2025 ਤੋਂ ਲਾਗੂ ਹੋਵੇਗਾ ਅਤੇ ਮਿਤੀ 9/10/ 2025। ਤੱਕ ਲਾਗੂ ਰਹੇਗਾ। ਇਸ ਹੁਕਮ ਦੀ ਪਾਲਣਾ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਅਤੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ, ਬਠਿੰਡਾ ਵਲੋਂ ਯਕੀਨੀ ਬਣਾਈ ਜਾਵੇਗੀ।ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕਰਕੇ ਆਮ ਪਬਲਿਕ ਦੇ ਨਾਮ ਜਾਰੀ ਕੀਤਾ ਜਾਂਦਾ ਹੈ।

ਇਸ ਹੁਕਮ ਨੂੰ ਲਾਗੂ ਕਰਨ ਲਈ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਠਿੰਡਾ ਦੀ ਵਹੀਕਲ ਰਾਹੀਂ ਅਤੇ ਸਥਾਨਕ ਅਖ਼ਬਾਰਾਂ ਦੁਆਰਾ ਵੀ ਪ੍ਰਚਾਰ ਕੀਤਾ ਜਾਵੇਗਾ। ਪ੍ਰਚਾਰ ਕਰਨ ਉਪਰੰਤ ਪ੍ਰਚਾਰ ਕਰਨ ਦੌਰਾਨ ਹੋਈ ਸਾਰੀ ਕਾਰਵਾਈ ਦੀ ਲਿਖਤੀ ਸੂਚਨਾ ਇਸ ਦਫ਼ਤਰ ਨੂੰ ਭੇਜੀ ਜਾਵੇ । ਇਸ ਹੁਕਮ ਦੀਆਂ ਕਾਪੀਆਂ ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਜ਼ਿਲ੍ਹੇ ਦੇ ਉਪ ਮੰਡਲ ਮੈਜਿਸਟਰੇਟ, ਤਹਿਸੀਲਦਾਰਾਂ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰਾਂ, ਮਾਰਕਿਟ ਕਮੇਟੀਆਂ, ਪੁਲਿਸ ਸਟੇਸ਼ਨਾਂ ਅਤੇ ਨਗਰ ਕੌਂਸਲਾਂ ਦੇ ਨੋਟਿਸ ਬੋਰਡਾਂ ਅਤੇ ਜ਼ਿਲ੍ਹਾ ਬਠਿੰਡਾ ਦੀਆਂ ਉੱਘੀਆਂ ਥਾਵਾਂ ਤੇ ਆਮ ਪਬਲਿਕ ਦੀ ਜਾਣਕਾਰੀ ਲਈ ਲਗਾਈਆਂ ਜਾਣਗੀਆਂ ।

ਇਹ ਹੁਕਮ ਅੱਜ ਮਿਤੀ 8/ 8/2025 ਨੂੰ ਮੇਰੇ ਦਸਤਖ਼ਤਾਂ ਅਤੇ ਮੋਹਰ ਅਦਾਲਤ ਹੇਠ ਜਾਰੀ ਹੋਇਆ ਹੈ ।

(ਸ਼ੌਕਤ ਅਹਿਮਦ ਪਰੇ,ਆਈ ਏ ਐਸ)

ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

ਪਿੱਠ ਅੰਕਣ ਨੰ. /ਫਸ-01 ਮਿਤੀ 2025

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ, ਚੰਡੀਗੜ੍ਹ
3. ਡੀ.ਆਈ.ਜੀ.(ਸੀ.ਆਈ.ਡੀ), ਪੰਜਾਬ, ਚੰਡੀਗੜ੍ਹ
4. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
5. ਜ਼ਿਲ੍ਹਾ ਤੇ ਸੈਸ਼ਨ ਜੱਜ, ਬਠਿੰਡਾ
6. ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ/ ਫਰੀਦਕੋਟ/ ਫਿਰੋਜ਼ਪੁਰ / ਜਲੰਧਰ/ ਅੰਮ੍ਰਿਤਸਰ/ ਬਰਨਾਲਾ/ ਕਪੂਰਥਲਾ/ ਹੁਸ਼ਿਆਰਪੁਰ/ ਪਟਿਆਲਾ/ ਮਾਨਸਾ/ ਮੁਕਤਸਰ/ ਰੂਪਨਗਰ/ ਨਵਾਂਸ਼ਹਿਰ/ ਫਤਿਹਗੜ੍ਹ ਸਾਹਿਬ/ ਤਰਨਤਾਰਨ/ ਲੁਧਿਆਣਾ/ ਮੋਗਾ/ ਪਠਾਨਕੋਟ/ ਫਾਜ਼ਿਲਕਾ/ ਮਲੇਰਕੋਟਲਾ/ਸੰਗਰੂਰ/ ਗੁਰਦਾਸਪੁਰ/ ਮੁਹਾਲੀ
7. ਸੀਨੀਅਰ ਕਪਤਾਨ ਪੁਲਿਸ, ਬਠਿੰਡਾ
8. ਕਮਿਸ਼ਨਰ, ਨਗਰ ਨਿਗਮ, ਬਠਿੰਡਾ
9. ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਬਠਿੰਡਾ / ਵਧੀਕ ਡਿਪਟੀ ਕਮਿਸ਼ਨਰ (ਜ) ਬਠਿੰਡਾ / ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਬਠਿੰਡਾ / ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
10. ਉਪ ਮੰਡਲ ਮੈਜਿਸਟਰੇਟ, ਬਠਿੰਡਾ/ ਰਾਮਪੁਰਾ ਫੂਲ / ਤਲਵੰਡੀ ਸਾਬੋ / ਮੌੜ
11. ਸਿਵਲ ਸਰਜਨ, ਬਠਿੰਡਾ
12. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ ਪਾਸ ਸਮੇਤ ਸਮੂਹ ਬੀ.ਡੀ.ਪੀ.ਓਜ ਜ਼ਿਲ੍ਹਾ ਬਠਿੰਡਾ
13. ਤਹਿਸੀਲਦਾਰ, ਬਠਿੰਡਾ / ਰਾਮਪੁਰਾ ਫੂਲ / ਤਲਵੰਡੀ ਸਾਬੋ / ਮੌੜ
14. ਨਾਇਬ ਤਹਿਸੀਲਦਾਰ, ਬਠਿੰਡਾ / ਨਥਾਣਾ/ ਸੰਗਤ/ ਗੋਨਿਆਣਾ /ਰਾਮਪੁਰਾ ਫੂਲ / ਭਗਤਾ ਭਾਈਕਾ / ਮੌੜ / ਬਾਲਿਆਂਵਾਲੀ / ਤਲਵੰਡੀ ਸਾਬੋ / ਅਗਰੇਰੀਅਨ, ਬਠਿੰਡਾ / ਮਿਲਟਰੀ ਲੈਂਡ ਐਕੁਜੀਸ਼ਨ, ਬਠਿੰਡਾ
15. ਕਾਰਜ ਸਾਧਕ ਅਫਸਰ, ਨਗਰ ਕੌਂਸਲ ਗੋਨਿਆਣਾ / ਭੁੱਚੋ ਮੰਡੀ / ਸੰਗਤ / ਕੋਟਫੱਤਾ / ਮੌੜ / ਰਾਮਾਂ ਮੰਡੀ / ਰਾਮਪੁਰਾ ਫੂਲ / ਭਾਈਰੂਪਾ / ਤਲਵੰਡੀ ਸਾਬੋ / ਕੋਟਸ਼ਮੀਰ / ਲਹਿਰਾ ਮੁਹੱਬਤ / ਭਗਤਾ ਭਾਈਕਾ / ਮਹਿਰਾਜ / ਮਲੂਕਾ / ਕੋਠਾਗੁਰੂ / ਨਥਾਣਾ
16. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਕਾਰਵਾਈ ਕਰਕੇ ਰਿਪੋਰਟ ਇਸ ਦਫ਼ਤਰ ਨੂੰ ਭੇਜੀ ਜਾਵੇ ।
17. District Informatics Officer ,NIC ,ਬਠਿੰਡਾ ਪਾਸ ਹੁਕਮ ਦੀ ਕਾਪੀ ਜ਼ਿਲੇ ਦੀ ਵੈੱਬਸਾਈਟ ਤੇ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।
18. ਪੀ.ਏ.ਟੂ ਡੀ.ਸੀ./ਪੀ.ਏ. ਟੂ ਏ.ਡੀ.ਸੀ., ਬਠਿੰਡਾ ਪਾਸ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਾਸਤੇ ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ
ਪਿਠ ਅੰਕਣ ਨੰ: ਜੀ-1/1/2025/1649 ਮਿਤੀ: 13/08/25
ਉਪਰੋਕਤ ਦਾ ਉਤਾਰਾ ਸਮੂਹ ਸੰਬੰਧਤ ਧਿਰਾਂ ਨੂੰ, ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ
13/08/25

Scanned with CamScanner